# ਦਿਲ ਤੂੰ ਗਰੀਬ ਦਾ

ਧੁਨ- ਫੁੱਲਾਂ ਦੀਏ ਕੱਚੀਏ ਵਪਾਰਨੇ

( ਦੀਦ ਕਰਨ ਦਾ, ਚਾਅ ਚੜ੍ਹਿਆ,
ਲੈ ਕੇ ਲੋਕ, ਨੇ ਆਉਂਦੇ, ਰੀਝਾਂ ।
ਰੀਝਾਂ ਤੇਰੇ, ਦਰਸ਼ ਦੀਆਂ,
ਕਰ ਪੂਰੀਆਂ, ਮਾਤ ਉਮੀਦਾਂ ॥ )

ਆਸਾਂ ਵਾਲੇ, ਗੁੰਦ ਲਏ ਮੈਂ ਹਾਰ ਨੇ,
ਦਿਲ ਤੂੰ, ਗਰੀਬ ਦਾ ਮਾਂ ਤੋੜ ਨਾ ॥
ਰਹਿਮਤਾਂ ਦੇ, ਭਰੇ ਹੋਏ ਭੰਡਾਰ ਨੇ ॥,
ਖ਼ਾਲੀ, ਦਰਬਾਰ ਵਿਚੋਂ ਮੋੜ ਨਾ,
ਆਸਾਂ ਵਾਲੇ, ਗੁੰਦ ਲਏ ਮੈਂ ਹਾਰ ਨੇ,
ਦਿਲ ਤੂੰ, ਗਰੀਬ ਦਾ ਮਾਂ ਤੋੜ ਨਾ ॥

ਹਾਏ ! ਲਾਲ ਤੇਰਾ, ਦੁਨੀਆਂ ਨੂੰ ਛੱਡ ਕੇ, ਦਵਾਰ ਤੇਰੇ ਤੇ ਰੋਏ ।
ਸੁਣਿਆਂ ਏ ਮਾਂ, ਦਾਤਾਂ ਵੰਡਦੀ, ਕਰਮ ਜਗਾਉਂਦੀ ਸੋਏ ॥
ਹੁਣ ਤੂੰਹੀਓਂ ਬੇੜੇ, ਅੰਬੇ ਮੇਰੇ ਤਾਰਨੇ ॥,
ਅੱਧ ਵਿੱਚਕਾਰ, ਐਵੇਂ ਰੋੜ੍ਹ ਨਾ,
ਆਸਾਂ ਵਾਲੇ, ਗੁੰਦ ਲਏ ਮੈਂ ਹਾਰ ਨੇ,,,,,,,,,,,,,,,,,,

ਹਾਏ ! ਰਿਸ਼ਤੇ ਝੂਠੇ, ਨਾਤੇ ਝੂਠੇ, ਝੂਠੀ ਕੁੱਲ ਲੁਕਾਈ ।
ਸੱਚੀ ਤੇਰੀ, ਪ੍ਰੀਤ ਅੰਮੜੀਏ, ਸੱਚੀ ਤੂੰ ਮਹਾਂਮਾਈ ॥
ਇੱਕ ਤੂੰਹੀਓਂ ਮੇਰੇ, ਕਸ਼ਟ ਨਿਵਾਰਨੇ ॥,
ਕਾਸਾ ਮੇਰੀ, ਜਿੰਦਗੀ ਦਾ ਫੋੜ ਨਾ,
ਆਸਾਂ ਵਾਲੇ, ਗੁੰਦ ਲਏ ਮੈਂ ਹਾਰ ਨੇ,,,,,,,,,,,,,,,,,,

ਹਾਏ ! ਸੁਣਿਆਂ ਦਰ ਤੇ, ਆ ਕੇ ਬੱਚੜੇ, ਨਾਮ ਪਿਆਲਾ ਪੀ ਲੈਂਦੇ ।
ਮੇਹਰ ਜਿਹਨਾਂ ਤੇ, ਹੋਵੇ ਤੇਰੀ, ਓਹ ਹਰ ਰੰਗ ਵਿੱਚ ਜੀ ਲੈਂਦੇ ॥
ਅੱਜ ਮੈਂ ਵੀ ਤੇਰੇ, ਕਰਨੇ ਦੀਦਾਰ ਨੇ ॥,
ਦੌਲਤ, ਖਜ਼ਾਨਿਆਂ ਦੀ ਲੋੜ੍ਹ ਨਾ,
ਆਸਾਂ ਵਾਲੇ, ਗੁੰਦ ਲਏ ਮੈਂ ਹਾਰ ਨੇ,,,,,,,,,,,,,,,,,,

ਹਾਏ ! ਦਰ ਤੇਰੇ ਤੇ, ਖੜਾ ਭਿਖਾਰੀ, ਨੀਰ ਨੈਣਾਂ ਚੋਂ ਚੋਵੇ ।
ਵਾਂਗ ਸਿਕੰਦਰ, ਮੈਨੂੰ ਵੀ ਮਾਂ, ਦਰਸ਼ਨ ਤੇਰਾ ਹੋਵੇ ॥
ਜਿਵੇਂ ਕਰਮੇ ਨੂੰ, ਤਾਰਿਆ ਪਿਆਰ ਨੇ ॥,
ਮੈਨੂੰ ਵੀ ਤੂੰ, ਤਾਰ ਮਾਂ ਵਿਛੋੜ ਨਾ,
ਆਸਾਂ ਵਾਲੇ, ਗੁੰਦ ਲਏ ਮੈਂ ਹਾਰ ਨੇ,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27648/title/dil-tu-gareeb-da

अपने Android मोबाइल पर BhajanGanga App डाउनलोड करें और भजनों का आनंद ले |